
## ਜਮਾਤ -ਛੇਵੀਂ                    ਪਾਠ-13 ਭਗਤ ਕਬੀਰ

## ਸਾਹਿਤ ਰੂਪ-ਜੀਵਨੀ                    ਲੇਖਕ-ਡਾ.ਜੇ.ਐੱਸ.ਗਰੇਵਾਲ



**ਪ੍ਰਸ਼ਨ (ੳ) ਕਬੀਰ ਜੀ ਦੇ ਪੈਦਾ ਹੋਣ ਸਮੇਂ ਨੀਵੀਂਆਂ ਸਮਝੀਆਂ ਜਾਂਦੀਆਂ ਜਾਤਾਂ ਦਾ ਜੀਵਨ ਕਿਸ ਤਰ੍ਹਾਂ ਦਾ ਸੀ?**

ਉੱਤਰ- ਕਬੀਰ ਜੀ ਦੇ ਪੈਦਾ ਹੋਣ ਸਮੇਂ ਨੀਵੀਂਆਂ ਸਮਝੀਆਂ ਜਾਂਦੀਆਂ ਜਾਤਾ ਦੇ ਲੋਕਾਂ ਨੂੰ ਬਹੁਤ ਨਮੋਸ਼ੀ ਵਾਲ਼ਾ ਜੀਵਨ ਬਤੀਤ ਕਰਨਾ ਪੈਂਦਾ ਸੀ।ਕੋਈ ਇਹਨਾਂ ਨੂੰ ਸਿੱਖਿਆ ਦੇਣ ਲਈ ਤਿਆਰ ਨਹੀਂ ਸੀ।

**ਪ੍ਰਸ਼ਨ (ਅ) ਗਿਆਨ ਪ੍ਰਾਪਤ ਕਰਨ ਲਈ ਕਬੀਰ ਜੀ ਨੇ ਆਪਣਾ ਗੁਰੂ ਕਿਸ ਨੂੰ ਬਣਾਇਆ ਅਤੇ ਕਿਉਂ?**

ਉੱਤਰ- ਗਿਆਨ ਪ੍ਰਾਪਤ ਕਰਨ ਲਈ ਕਬੀਰ ਜੀ ਨੇ ਆਪਣਾ ਗੁਰੂ ਰਾਮਾਨੰਦ ਜੀ ਨੂੰ ਬਣਾਇਆ ਕਿਉਂਕਿ ਉਹ ਬਹੁਤ ਵੱਡੇ ਵਿਦਵਾਨ ਸਨ ਅਤੇ ਜਾਤ-ਪਾਤ ਨੂੰ ਖਤਮ ਕਰਨ ਦਾ ਪ੍ਰਚਾਰ ਵੀ ਕਰਦੇ ਸਨ।




**ਪ੍ਰਸ਼ਨ (ੲ) ਕਬੀਰ ਜੀ ਅਨੁਸਾਰ ਸੂਰਮਾ ਕੌਣ ਹੈ?**

ਉੱਤਰ- ਕਬੀਰ ਜੀ ਅਨੁਸਾਰ ਚੰਗੇ ਅਸੂਲਾਂ ’ਤੇ ਦ੍ਰਿੜ ਰਹਿਣ ਵਾਲ਼ਾ ਅਸਲੀ ਸੂਰਮਾ ਹੈ।

**ਪ੍ਰਸ਼ਨ(ਸ) ਇਸ ਪਾਠ ਅਨੁਸਾਰ ਭਗਤ ਕਬੀਰ ਜੀ ਨੇ ਕੀ ਸਿੱਖਿਆ ਦਿੱਤੀ?**

ਉੱਤਰ- ਇਸ ਪਾਠ ਅਨੁਸਾਰ ਭਗਤ ਕਬੀਰ ਜੀ ਨੇ ਹੱਥੀਂ ਕਿਰਤ ਕਰਨ, ਰੱਬ ਦਾ ਨਾਮ ਜਪਣ ਅਤੇ ਸੱਚਾਈ ਦੇ ਰਸਤੇ ’ਤੇ ਚੱਲਣ ਦੀ ਸਿੱਖਿਆ ਦਿੱਤੀ।



**2. ਖਾਲੀ ਥਾਵਾਂ ਭਰੋ:**

(ੳ) ਕਬੀਰ ਜੀ ਦੇ ਮਾਤਾ-ਪਿਤਾ ਕੱਪੜਾ ਬੁਣਨ ਦਾ ਕੰਮ ਕਰਦੇ ਸਨ।

(ਅ) ਕਾਸ਼ੀ ਵਿੱਚ ਪੰਡਤ ਰਾਮਾਨੰਦ ਜੀ ਬੜੇ ਵੱਡੇ ਵਿਦਵਾਨ ਸਨ।

(ੲ) “ਉੱਠ ਭਾਈ! ਰਾਮ ਕਹੁ।”

(ਸ) ਰਾਮਾਨੰਦ ਜੀ ਕਬੀਰ ਜੀ ਦੀ ਲਗਨ ਤੇ ਸ਼ਰਧਾ ਤੋਂ ਬਹੁਤ ਪ੍ਰਭਾਵਿਤ ਹੋਏ।

(ਹ) ਕਬੀਰ ਜੀ ਨੇ ਹਮੇਸ਼ਾ ਹੀ ਨੇਕੀ ਕਰਨੀ ਅਤੇ ਰੱਬ ਵਿੱਚ ਭਰੋਸਾ ਰੱਖਣ ਦਾ ਉਪਦੇਸ਼ ਦਿੱਤਾ।

### 3. ਹੇਠ ਲਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋ:-

1. ਗਿਆਨ – ਕਿਤਾਬਾਂ ਗਿਆਨ ਦਾ ਭੰਡਾਰ ਹਨ।
2. ਸੂਰਮਾ – ਸ.ਭਗਤ ਸਿੰਘ ਇੱਕ ਮਹਾਨ ਸੂਰਮਾ ਸੀ।
3. ਵਿਦਵਾਨ – ਪੰਡਤ ਰਾਮਾਨੰਦ ਜੀ ਬੜੇ ਵੱਡੇ ਵਿਦਵਾਨ ਸਨ।
4. ਸ਼ਗਿਰਦ – ਸਾਧੂ ਦੇ ਸ਼ਗਿਰਦ ਉਸ ਦੀ ਸੇਵਾ ਕਰ ਰਹੇ ਸਨ।
5. ਉਪਦੇਸ਼ – ਕਬੀਰ ਜੀ ਨੇ ਹੱਥੀਂ ਕਿਰਤ ਕਰਨ ਦਾ ਉਪਦੇਸ਼ ਦਿੱਤਾ।

### 3. ਔਖੇ ਸ਼ਬਦਾਂ ਦੇ ਅਰਥ:

| | | |
|---|---|---|
| ਨਮੋਸ਼ੀ | : | ਨਿਰਾਦਰੀ, ਬਦਨਾਮੀ |
| ਲਾਲਸਾ | : | ਇੱਛਾ, ਚਾਹਤ |
| ਅਨੋਖਾ | : | ਅਜੀਬ |
| ਲਗਨ | : | ਸ਼ੌਕ, ਰੁਚੀ |
| ਸ਼ਰਧਾ | : | ਭਰੋਸਾ, ਵਿਸ਼ਵਾਸ |
| ਕਿਰਤ | : | ਕੰਮ-ਕਾਜ, ਪੇਸ਼ਾ |
| ਦ੍ਰਿੜ | : | ਪੱਕਾ |
| ਰਹਿਨੁਮਾਈ | : | ਰਸਤਾ ਦਿਖਾਉਣਾ |







### 5. ਹੇਠ ਲਿਖੇ ਵਾਕਾਂ ਵਿੱਚ ਠੀਕ/ਗ਼ਲਤ ਦੀ ਚੋਣ ਕਰੋ:

(ੳ) ਕਬੀਰ ਜੀ ਦੇ ਮਾਤਾ-ਪਿਤਾ ਦੁਕਾਨਦਾਰ ਸਨ। (ਗ਼ਲਤ)

(ਅ) ਕਾਸ਼ੀ ਵਿੱਚ ਪੰਡਤ ਰਾਮਾਨੰਦ ਬੜੇ ਵੱਡੇ ਵਿਦਵਾਨ ਸਨ। (ਠੀਕ)

(ੲ) ਕਬੀਰ ਜੀ ਨੇ ਆਪਣੇ ਆਪ ਨੂੰ ਰਾਮਾਨੰਦ ਜੀ ਦਾ ਸ਼ਗਿਰਦ ਕਹਿਣਾ ਸ਼ੁਰੂ ਕਰ ਦਿੱਤਾ। (ਗ਼ਲਤ)